ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ
ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ,ਫੇਜ-8, ਐਸ.ਏ.ਐਸ. ਨਗਰ
(ਸਪੋਰਟਸ ਸ਼ਾਖਾ)

ਵੱਲ

ਸਮੂਹ ਜਿਲਾ ਸਿੱਖਿਆ ਅਫਸਰ(ਐ:ਸਿ:/ਸੈ:ਸਿ:)
ਪੰਜਾਬ।

ਮੀਮੋ ਨੰ:6/1-2019 ਸਪੋਰਟਸ ਕਮੇਟੀ
ਮਿਤੀ,ਐਸ.ਏ.ਐਸ.ਨਗਰ: 12-3-20

ਵਿਸ਼ਾ: **ਰਿਹਾਇਸੀ ਖੇਡ ਵਿੰਗ ਅਤੇ ਡੇ-ਸਕਾਲਰ ਵਿੰਗ ਖੋਲਣ ਸਬੰਧੀ ।**

ਉਪਰੋਕਤ ਵਿਸੇ ਦੇ ਸਬੰਧ ਵਿੱਚ **ਰਿਹਾਇਸੀ ਖੇਡ ਵਿੰਗ ਅਤੇ ਡੇ-ਸਕਾਲਰ ਵਿੰਗ ਖੋਲਣ ਸਬੰਧੀ** ਵਿਭਾਗ ਵੱਲੋਂ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ ਹੈ:

1. ਜਿਨ੍ਹਾਂ ਸਕੂਲਾਂ ਵਿੱਚ ਖਿਡਾਰੀਆਂ ਲਈ ਹੋਸਟਲ ਸੁਵਿਧਾ, ਟੁਆਇਲਿਟ, ਬਾਥਰੂਮ, ਬਿਜਲੀ, ਪਾਣੀ ਅਤੇ ਮੈਸ ਦਾ ਉਚਿਤ ਪ੍ਰਬੰਧ ਹੈ ਉਨ੍ਹਾਂ ਸ਼ਕੂਲਾਂ ਵਿਚ ਰਿਹਾਇਸ਼ੀ ਖੇਡ ਵਿੰਗ ਦਿੱਤੇ ਜਾਣਗੇ। ਮੌਜੂਦਾ ਸਮੇਂ ਜਿਨ੍ਹਾਂ ਰਿਹਾਇਸੀ ਖੇਡ ਵਿੰਗਾਂ ਵਿਚ ਉਪਰੋਕਤ ਸੁਵਿਧਾ ਮੌਜੂਦ ਹੈ ਉਨ੍ਹਾਂ ਸਕੂਲਾਂ ਦੇ ਨਾਮ ,ਚਲ ਰਹੇ ਗਰੁੱਪ ਅਤੇ ਅਲਾਟ ਕੀਤੀਆਂ ਸੀਟਾਂ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ | ਵਿੰਗ ਦਾ ਨਾਮ | ਖੇਡ | ਸੀਟਾਂ |
|---|---|---|---|
| 1 | ਸ:ਸ:ਸ:ਸਕੂਲ,ਛੇਹਰਟਾ (ਅੰਮ੍ਰਿਤਸਰ) | ਹਾਕੀ ਅੰ-17, 19 ਲੜਕੇ | 36 |
| 2 | ਖਾ.ਕਾਲਜ ਗਰਲਜ਼ ਸ:ਸ:ਸਕੂਲ, ਅੰਮ੍ਰਿਤਸਰ | ਹਾਕੀ ਅੰ-14, 17, 19 ਲੜਕੀਆਂ | 54 |
| 3 | ਸ:ਗ:ਸ:ਸ:ਸਕੂਲ,ਮਾਲ ਰੋਡ,ਅੰਮ੍ਰਿਤਸਰ | ਬਾਸਕਟਬਾਲ ਅੰ-14, 17, 19 ਲੜਕੀਆਂ<br>ਵਾਲੀਬਾਲ ਅੰ-14, 17 ਲੜਕੀਆਂ<br>ਕਬੱਡੀ ਅੰ-14, 17 ਲੜਕੀਆਂ | 84 |
| 4 | ਸ੍ਰੀ ਗੁਰੂ ਅਰਜਨ ਦੇਵ ਸ.ਕੰ: ਸਸਸ,ਤਰਨਤਾਰਨ | ਹਾਕੀ ਅੰ-14, 17 ਲੜਕੀਆਂ<br>ਜੂਡੋ ਅੰ-17, 19 ਲੜਕੀਆਂ | 46 |
| 5 | ਸ:ਕੰ:ਸ:ਸ:ਸਕੂਲ,ਸੰਗਰੂਰ | ਬਾਸਕਟਬਾਲ ਅੰ-14, 17, 19 ਲੜਕੀਆਂ<br>ਅਥਲੈਟਿਕਸ ਅੰ-14, 17, 19 ਲੜਕੀਆਂ<br>ਸਾਇਕਲਿੰਗ ਅੰ-14, 17, 19 ਲੜਕੀਆਂ | 73 |
| 6 | ਸ:ਸ:ਸ:ਸ:(ਲੜਕੇ),ਸੰਗਰੂਰ | ਹਾਕੀ ਅੰ-17 ਲੜਕੇ<br>ਅਥਲੈਟਿਕਸ ਅੰ-14, 17 ਲੜਕੇ | 43 |
| 7 | ਸ:ਕੰ:ਸ:ਸ:ਸਕੂਲ,ਨਹਿਰੂ ਗਾਰਡਨ,ਜਲੰਧਰ | ਜੂਡੋ ਅੰ-14, 17, 19 ਲੜਕੀਆਂ | 27 |
| 8 | ਖਾ:ਕੋ-ਐਜੂ:ਸ:ਸ:ਸਕੂਲ,ਬੱਡੋ (ਹੁਸ਼ਿਆਰਪੁਰ) | ਫੁੱਟਬਾਲ ਅੰ-14, 17, 19 ਲੜਕੇ | 54 |

| | | | |
|---|---|---|---|
| 9 | ਸ:ਮਲਟੀਪਰਪਜ ਸ:ਸ:ਸਕੂਲ,ਪਟਿਆਲਾ | ਬਾਸਕਟਬਾਲ ਅੰ-14, 17, 19 ਲੜਕੇ<br>ਬਾਕਸਿੰਗ ਅੰ- 14, 17 ਲੜਕੇ | 68 |
| 10 | ਸ:ਸ:ਸ:ਸਕੂਲ, ਟਿੱਬਾ(ਕਪੂਰਥਲਾ) | ਅਥਲੈਟਿਕਸ ਅੰ-14, 17, 19 ਲੜਕੇ<br>ਕਬੱਡੀ ਨੈਸਨਲ ਸਟਾਇਲ ਅੰ-17, 19 ਲੜਕੇ<br>ਬਾਸਕਟਬਾਲ ਅੰ-14, 17 ਲੜਕੇ | 93 |
| 11 | ਸ:ਸ:ਸ:ਸਕੂਲ,ਜਰਖੜ (ਲੁਧਿਆਣਾ | ਹਾਕੀ ਅੰ-14, 17, 19 ਲੜਕੇ | 54 |

ਉਕਤ ਸਕੂਲਾਂ ਦੇ ਰਿਹਾਇਸ਼ੀ ਖੇਡ ਵਿੰਗ ਚਾਲੂ ਰੱਖੇ ਜਾਣਗੇ।ਉਕਤ ਤੋਂ ਇਲਾਵਾ ਜਿਨ੍ਹਾਂ ਸਕੂਲਾਂ ਵਿੱਚ ਮੌਜੂਦਾ ਸਮੇਂ ਵਿੱਚ ਰਿਹਾਇਸੀ ਖੇਡ ਵਿੰਗ ਚਲ ਰਹੇ ਹਨ, ਉਹਨਾਂ ਨੂੰ ਅੱਗੇ ਤੋਂ ਰਿਹਾਇਸੀ ਖੇਡ ਵਿੰਗ ਦੇਣ ਲਈ ਨਹੀ ਵਿਚਾਰਿਆ ਜਾਵੇਗਾ।

2. ਉਕਤ ਟੇਬਲ ਵਿੱਚ ਦਰਜ ਸਕੂਲਾਂ ਤੋਂ ਇਲਾਵਾ ਰਿਹਾਇਸੀ ਖੇਡ ਵਿੰਗ ਸਿਰਫ ਉਹਨਾਂ ਸਰਕਾਰੀ /ਸਰਕਾਰੀ ਸਹਾਇਤਾਂ ਪ੍ਰਾਪਤ ਸਕੂਲਾਂ ਨੂੰ ਹੀ ਦਿੱਤੇ ਜਾਣਗੇ ਜਿਹਨਾਂ ਕੋਲ ਬੁਨਿਆਦੀ ਸਹੂਲਤਾਂ ਜਿਵੇਂ ਹੋਸਟਲ ਸੁਵਿਧਾ, ਟੁਆਇਲਿਟ, ਬਾਥਰੂਮ, ਬਿਜਲੀ, ਪਾਣੀ ਅਤੇ ਮੈਸ ਦਾ ਉਚਿਤ ਪ੍ਰਬੰਧ ਹੋਵੇਗਾ। ਕਿਸੇ ਵੀ ਪ੍ਰਾਈਵੇਟ ਸਕੂਲ ਨੂੰ ਖੇਡ ਵਿੰਗ ਨਹੀਂ ਦਿੱਤਾ ਜਾਵੇਗਾ। ਵਿੰਗ ਦੇ ਖਿਡਾਰੀਆਂ ਨੂੰ ਸਿਖਲਾਈ ਦੇਣ ਲਈ ਅਧਿਆਪਕ ਸਬੰਧਤ ਖੇਡ ਦਾ ਹੀ ਹੋਵੇਗਾ। ਇਸ ਸਬੰਧੀ ਯੋਗ ਅਧਿਆਪਕਾਂ ਦਾ ਪੈਨਲ ਬਣਾਕੇ ਉਨ੍ਹਾਂ ਵਿਚੋਂ ਚੋਣ ਕਰਨ ਉਪਰੰਤ ਡਿਊਟੀ ਲਗਾਈ ਜਾਵੇਗੀ।

3. ਵਿੰਗਾ ਲਈ ਟ੍ਰਾਇਲਜ ਦਾ ਇਸਤਿਹਾਰ ਮਾਰਚ ਮਹੀਨੇ ਵਿੱਚ ਦਿੱਤਾ ਜਾਵੇਗਾ। ਖਿਡਾਰੀਆਂ ਦੀ ਅਪ੍ਰੈਲ ਮਹੀਨੇ ਵਿੱਚ ਚੋਣ ਕਰਨ ਉਪਰੰਤ ਤੁਰੰਤ ਵਿੰਗ ਸ਼ੁਰੂ ਕੀਤੇ ਜਾਣਗੇ।

4. ਲੜਕੀਆਂ ਦੇ ਰਿਹਾਇਸ਼ੀ ਖੇਡ ਵਿੰਗ ਕੇਵਲ ਲੜਕੀਆਂ ਦੇ ਸਕੂਲਾਂ ਵਿਚ ਹੀ ਦਿੱਤੇ ਜਾਣਗੇ।

5. ਵਿੰਗਾਂ ਦੇ ਇੰਚਾਰਜ ਅਧਿਆਪਕ, ਵਾਰਡਨ, ਸਵੀਪਰ ਅਤੇ ਖਿਡਾਰੀਆਂ ਦੀ ਬਾਇਓਮੀਟਰਿਕ ਹਾਜਰੀ ਲਗਾਈ ਜਾਵੇਗੀ।

6. ਵਿਭਾਗ ਦੁਆਰਾ ਵਿੰਗਾਂ ਲਈ ਖੇਡ ਸਮਾਨ ਅਤੇ ਸਪੋਰਟਸ ਕਿੱਟਾਂ ਦੀ ਖਰੀਦੋ-ਫਰੋਖਤ ਵਿੰਗ ਸੁਰੂ ਹੋਣ ਤੋਂ ਤੁਰੰਤ ਬਾਅਦ ਕੀਤੀ ਜਾਵੇਗੀ ਤਾਂ ਜੋ ਖਿਡਾਰੀਆਂ ਨੂੰ ਸਮੇਂ ਸਿਰ ਸਪੋਰਟਸ ਕਿੱਟਾਂ ਮੁਹੱਈਆ ਕਰਵਾਈਆਂ ਜਾ ਸਕਣ।

ਰਿਹਾਇਸ਼ੀ ਖੇਡ ਵਿੰਗਾਂ ਦੇ ਖਿਡਾਰੀਆਂ ਲਈ ਜੂਨ ਮਹੀਨੇ ਦੀਆਂ ਛੁੱਟੀਆਂ ਦੌਰਾਨ ਸਮਰ ਕੋਚਿੰਗ ਕੈਂਪ ਲਗਾਉਣਾ ਲਾਜਮੀ ਹੋਵੇਗਾ।

8. ਵਿੰਗਾਂ ਲਈ ਚੁਣੇ ਗਏ ਖਿਡਾਰੀਆਂ ਦੇ ਮਾਪਿਆ ਤੋਂ ਵਿੰਗ ਨਾ ਛੱਡਣ ਦਾ ਇਕਰਾਰਨਾਮਾਂ ਲੈ ਲਿਆ ਜਾਵੇਗਾ। ਇਕਰਾਰਨਾਮੇ ਵਿਚ ਇਹ ਵੀ ਲਿਖਵਾਇਆ ਜਾਵੇਗਾ ਕਿ ਖਿਡਾਰੀ ਸਿਰਫ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਹੀ ਖੇਡੇਗਾ।

9. ਖੋਲ੍ਹੇ ਗਏ ਵਿੰਗਾਂ ਦੀ ਵਿਭਾਗ ਦੁਆਰਾ ਲਗਾਤਾਰ ਜਾਂਚ ਕਰਵਾਈ ਜਾਵੇਗੀ ਜਿਵੇਂ ਖਿਡਾਰੀਆਂ ਦੀ ਮੈਡੀਕਲ ਜਾਂਚ, ਮੈੱਸ ਦੀ ਜਾਂਚ, ਖਿਡਾਰੀਆਂ ਦੀ ਰਿਹਾਇਸ ਦੀ ਜਾਂਚ, ਖਿਡਾਰੀਆਂ ਦੀ ਹਾਜਰੀ ਦੀ ਜਾਂਚ ਅਤੇ ਖਿਡਾਰੀਆਂ ਦੀ ਟ੍ਰੇਨਿੰਗ ਪਲੈਨ ਦੀ ਜਾਂਚ ਆਦਿ।

10. ਰਿਹਾਇਸ਼ੀ ਖੇਡ ਵਿੰਗਾਂ ਵਿੱਚ ਖਾਣੇ ਦਾ ਮੀਨੂ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕੀਤਾ ਜਾਵੇਗਾ ਤਾਂ ਜੋ ਵਿਭਾਗ ਵੱਲੋਂ ਖਿਡਾਰੀਆਂ ਦੀ ਡਾਈਟ ਲਈ ਦਿੱਤੀ ਜਾਣ ਵਾਲੀ ਰਾਸੀ ਦਾ ਸਹੀ ਉਪਯੋਗ ਹੋ ਸਕੇ ਅਤੇ ਖਿਡਾਰੀਆਂ ਨੂੰ ਪੋਸ਼ਟਿਕ ਖੁਰਾਕ ਮੁਹੱਈਆ ਕਰਵਾਈ ਜਾ ਸਕੇ।

11. ਰਿਹਾਇਸੀ ਖੇਡ ਵਿੰਗ ਦੇ ਖਿਡਾਰੀਆਂ ਦਾ ਖੁਰਾਕ ਭੱਤਾ 200/- ਰੁਪਏ ਪ੍ਰਤੀ ਦਿਨ ਪ੍ਰਤੀ ਖਿਡਾਰੀ ਹੋਵੇਗਾ।

12. ਰਿਹਾਇਸ਼ੀ ਖੇਡ ਵਿੰਗਾਂ ਵਿੱਚ ਬਾਹਰਲੇ ਰਾਜਾਂ ਤੋਂ ਆਉਣ ਵਾਲੇ ਖਿਡਾਰੀਆਂ ਦੇ ਸਿੱਧੇ ਤੌਰ ਤੇ ਟ੍ਰਾਇਲਾਂ ਵਿੱਚ ਭਾਗ ਲੈਣ ਦੀ ਮੁਕੰਮਲ ਪਾਬੰਦੀ ਹੋਵੇਗੀ।ਜੇਕਰ ਉਹ ਰਿਹਾਇਸ਼ੀ ਖੇਡ ਵਿੰਗਾਂ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ ਤਾਂ ਉਨਾਂ ਦਾ ਪਹਿਲਾ ਦਾਖਲਾ (ਐਡਮੀਸ਼ਨ) ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਹੋਣਾ ਚਾਹੀਦਾ ਹੈ।

13. ਅੰਤਰ ਜਿਲ੍ਹਾ ਪ੍ਰਾਇਮਰੀ ਸਕੂਲ ਖੇਡਾਂ ਦੇ ਜੇਤੂ ਖਿਡਾਰੀਆਂ ਨੂੰ ਪਹਿਲ ਦੇ ਆਧਾਰ ਤੇ ਇਨ੍ਹਾਂ ਰਿਹਾਇਸ਼ੀ ਖੇਡ ਵਿੰਗਾਂ ਵਿੱਚ ਦਾਖਲਾ ਦੇਣ ਲਈ ਤਰਜੀਹ ਦਿੱਤੀ ਜਾਵੇਗੀ।ਬਾਕੀ ਦੀਆਂ ਸੀਟਾਂ ਵੱਖ-ਵੱਖ ਖੇਡਾਂ ਦੇ ਹੋਣਹਾਰ ਖਿਡਾਰੀਆਂ ਨੂੰ ਮੈਰਿਟ ਦੇ ਅਧਾਰ ਤੇ ਦਿੱਤੀਆਂ ਜਾਣਗੀਆਂ।

## ਡੇ-ਸਕਾਲਰ ਵਿੰਗ

1. ਜਿਹਨਾਂ ਸਕੂਲਾਂ ਵਿਚ ਸਵੇਰੇ/ਸਾਮ ਖੇਡਾਂ ਦੀ ਪ੍ਰੈਕਟਿਸ ਕਰਵਾਈ ਜਾਂਦੀ ਹੈ ਉਨ੍ਹਾਂ ਸਕੂਲਾਂ ਦੀ ਸੂਚਨਾ ਪ੍ਰਾਪਤ ਹੋਣ ਤੇ ਨਿਰੀਖਣ ਕਰਨ ਉਪਰੰਤ ਮੈਰਿਟ ਦੇ ਆਧਾਰ ਤੇ ਭਾਵ ਖੇਡ ਦਾ ਮੈਦਾਨ, ਵਿਦਿਆਰਥੀਆਂ ਦੀ ਗਿਣਤੀ (ਪ੍ਰਾਇਮਰੀ ਸਕੂਲ ਵਿੱਚ ਘੱਟੋ ਘੱਟ 100, ਹਾਈ ਸਕੂਲ ਵਿੱਚ ਘੱਟੋ ਘੱਟ 200, ਸੀਨੀਅਰ ਸੈਕੰਡਰੀ ਸਕੂਲ ਵਿੱਚ ਘੱਟੋ ਘੱਟ 400), ਸਬੰਧਤ ਖੇਡ ਅਧਿਆਪਕ ਆਦਿ ਨੂੰ ਧਿਆਨ ਵਿੱਚ ਰੱਖਦੇ ਹੋਏ ਡੇ-ਸਕਾਲਰ ਵਿੰਗ ਦੇਣ ਸਬੰਧੀ ਫੈਸਲਾ ਕੀਤਾ ਜਾਵੇਗਾ।

2. ਜੋ ਰਿਹਾਇਸ਼ੀ ਖੇਡ ਵਿੰਗ ਸਰਕਾਰੀ/ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿਚ ਚਲ ਰਹੇ ਹਨ ਪਰੰਤੂ ਉਹਨਾਂ ਪਾਸ ਹੋਸਟਲ ਦੀ ਸੁਵਿਧਾ ਉਪਲਬਧ ਨਹੀ ਹੈ, ਉਨ੍ਹਾਂ ਸਕੂਲਾਂ ਦੀਆਂ ਪਿਛਲੇ ਸਾਲਾਂ ਦੀਆਂ ਪ੍ਰਾਪਤੀਆਂ ਨੂੰ ਵੇਖਦੇ ਹੋਏ ਉਨ੍ਹਾਂ ਨੂੰ ਡੇ-ਸਕਾਲਰ ਵਿੰਗ ਦੇਣ ਲਈ ਵਿਚਾਰਿਆ ਜਾਵੇਗਾ।

3. ਡੇ ਸਕਾਲਰ ਵਿੰਗ ਸਰਕਾਰੀ/ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਨੂੰ ਹੀ ਦਿੱਤੇ ਜਾਣਗੇ। ਕੋਈ ਵੀ ਡੇ-ਸਕਾਲਰ ਵਿੰਗ ਪ੍ਰਾਈਵੇਟ ਸਕੂਲਾਂ ਨੂੰ ਨਹੀਂ ਦਿੱਤਾ ਜਾਵੇਗਾ ਅਤੇ ਵਿੰਗ ਦੇ ਖਿਡਾਰੀਆਂ ਨੂੰ ਸਿਖਲਾਈ ਦੇਣ ਲਈ ਅਧਿਆਪਕ ਸਬੰਧਤ ਖੇਡ ਦਾ ਹੀ ਹੋਵੇਗਾ। ਇਸ ਸਬੰਧੀ ਯੋਗ ਅਧਿਆਪਕਾਂ ਦਾ ਪੈਨਲ ਬਣਾ ਕੇ ਉਨ੍ਹਾਂ ਵਿਚੋਂ ਚੋਣ ਕਰਨ ਉਪਰੰਤ ਡਿਊਟੀ ਲਗਾਈ ਜਾਵੇਗੀ।

4. ਡੇ ਸਕਾਲਰ ਵਿੰਗ ਅਪ੍ਰੈਲ ਮਹੀਨੇ ਤੋਂ ਜਨਵਰੀ ਮਹੀਨੇ ਤੱਕ ਚਲਾਏ ਜਾਣਗੇ।

5. ਡੇ-ਸਕਾਲਰ ਵਿੰਗ ਦੇ ਖਿਡਾਰੀਆਂ ਦਾ ਖੁਰਾਕ ਭੱਤਾ 100/- ਰੁਪਏ ਪ੍ਰਤੀ ਦਿਨ ਪ੍ਰਤੀ ਖਿਡਾਰੀ ਹੋਵੇਗਾ।

6. ਅੰਡਰ-11 ਉਮਰ ਗੁੱਟ ਦੇ ਖਿਡਾਰੀਆਂ ਲਈ ਵੀ ਡੇ-ਸਕਾਲਰ ਵਿੰਗ ਸ਼ੁਰੂ ਕੀਤੇ ਜਾਣਗੇ। ਇਹਨ੍ਹਾਂ ਦਾ ਖਰਚਾ ਪ੍ਰਾਇਮਰੀ ਸਕੂਲ ਖੇਡਾਂ ਵਾਲੀ ਰਾਸੀ ਵਿੱਚੋਂ ਕੀਤਾ ਜਾਵੇਗਾ।

7. ਸਵੇਰੇ/ਸ਼ਾਮ ਟ੍ਰੇਨਿੰਗ ਦੇਣ ਵਾਲੇ ਸਰੀਰਕ ਸਿੱਖਿਆ ਅਧਿਆਪਕਾਂ ਨੂੰ ਸਕੂਲ ਸਮੇਂ ਤੋਂ 2 ਘੰਟੇ ਦੀ ਛੋਟ ਦਿੱਤੀ ਜਾਵੇਗੀ। ਇਹ ਸੈਂਟਰ ਸਰਦੀਆਂ ਸਮੇਂ ਸ਼ਾਮ 4 ਤੋਂ 6 ਵੱਜੇ ਅਤੇ ਗਰਮੀਆਂ ਵਿੱਚ ਸ਼ਾਮ 5 ਤੋਂ 7 ਵੱਜੇ ਤੱਕ ਹੋਣਗੇ।

ਸਹੀ/-

ਡਾਇਰੈਕਟਰ ਸਿੱਖਿਆ ਵਿਭਾਗ(ਐ.ਸਿ.)ਪੰਜਾਬ

ਪਿੱਠ ਅੰਕਣ ਨੰ: ਉਕਤ ਮਿਤੀ,ਐਸ.ਏ.ਐਸ.ਨਗਰ: 12-3-20

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ. ਟੂ ਮਾਨਯੋਗ ਸਿੱਖਿਆ ਮੰਤਰੀ ਪੰਜਾਬ।
2. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ ਪੰਜਾਬ।
3. ਪੀ.ਏ. ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
4. ਪੀ.ਏ. ਟੂ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ।
5. ਸਬੰਧਤ ਸਕੂਲ ਮੁੱਖੀ।

ਡਾਇਰੈਕਟਰ ਸਿੱਖਿਆ ਵਿਭਾਗ(ਐ.ਸਿ.)ਪੰਜਾਬ